ਪ੍ਰੀਖਿਆ ਸਤੰਬਰ 2023

**ਜਮਾਤ :- ਨੌਵੀਂ** **ਵਿਸ਼ਾ :- ਸਮਾਜਿਕ ਵਿਗਿਆਨ** **ਮਿਤੀ :- - -2023** **ਕੁੱਲ ਅੰਕ :-80**

## ਭਾਗ (ੳ)

**ਬਹੁਵਿਕਲਪੀ ਚੋਣ ਵਾਲੇ ਪ੍ਰਸ਼ਨ (ਸਾਰੇ ਪ੍ਰਸ਼ਨ ਜਰੂਰੀ ਹਨ।ਹਰੇਕ ਦਾ ਇੱਕ ਅੰਕ ਹੈ)** (12x1=12)

1) ਭਾਰਤ ਦੇ ਮੱਧ ਵਿੱਚੋ ਲੰਘਣ ਵਾਲੀ ਰੇਖਾ ਕਿਹੜੀ ਹੈ ?

ੳ. ਭੂ-ਮੱਧ ਰੇਖਾ ਅ. ਮਕਰ ਰੇਖਾ ੲ. ਕਰਕ ਰੇਖਾ ਸ. ਇਹਨਾਂ ਵਿੱਚੋ ਕੋਈ ਨਹੀਂ

2) ਪੁਰਾਤਣ ਪੰਜਾਬ ਨੂੰ ਇਸ ਨਾਮ ਨਾਲ ਨਹੀਂ ਜਾਣਿਆ ਜਾਂਦਾ ਸੀ ?

ੳ. ਪੰਚਨਦ ਅ. ਪੈਟਾਪੋਟਾਮੀਆ ੲ. ਪੈਪਸੂ ਸ. ਟੱਕ ਪ੍ਰਦੇਸ਼

3) ਭਾਰਤ ਦੇ ਪੱਛਮੀ ਘਾਟ ਦੇ ਦੱਰੇ ਹਨ ?

ੳ. ਪਾਲ ਘਾਟ ਅ. ਥਾਲ ਘਾਟ ੲ. ਭੋਰ ਘਾਟ ਸ. ਇਹ ਸਾਰੇ

4) ਦਰਿਆਵਾਂ ਦੇ ਨੇੜੇ ਪੈਂਦੇ ਨੀਵੇਂ ਇਲਾਕਿਆ ਨੂੰ ਕੀ ਕਿਹਾ ਜਾਂਦਾ ਹੈ ?

ੳ. ਮੰਡ ਅ. ਬੇਟ ੲ. ਚੰਗਰ ਸ. ਇਹ ਸਾਰੇ

5) ਹੇਠ ਲਿਖਿਆ ਵਿੱਚੋ ਕਿਹੜਾ ਉਤਪਾਦਨ ਦਾ ਸਾਧਨ ਨਹੀਂ ਹੈ ?

ੳ. ਭੂਮੀ ਅ. ਕਿਰਤ ੲ. ਪੂੰਜੀ ਸ. ਬਜਾਰ

6) ਸਭ ਤੋਂ ਵੱਧ ਸਾਖਰਤਾ ਵਾਲਾ ਰਾਜ ਕਿਹੜਾ ਹੈ ?

ੳ. ਗੋਆ ਅ. ਕੇਰਲਾ ੲ. ਸਿੱਕਿਮ ਸ. ਪੰ[illegible]

7) ਪੰਜਾਬ ਨੂੰ ਭਾਸ਼ਾ ਦੇ ਆਧਾਰ ਤੇ ਕਦੋਂ ਵੰਡਿਆ ਗਿਆ ?

ੳ. 1 ਅਕਤੂਬਰ 1966 ਅ. 1ਸਤੰਬਰ 1966 ੲ. 1 ਨਵੰਬਰ 1966 ਸ. ਕੋਈ ਨਹੀਂ

8) ਪਾਣੀਪਤ ਦੀ ਪਹਿਲੀ ਲੜਾਈ ਕਦੋਂ ਹੋਈ ?

ੳ. 1525 ਈ. ਅ. 1526 ਈ. ੲ. 1527 ਈ. ਸ. 1528 ਈ.

9) ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਕਿਸ ਮੁਗਲ ਬਾਦਸ਼ਾਹ ਦੇ ਸਮੇਂ ਹੋਈ ?

ੳ. ਅਕਬਰ ਅ. ਹਮਾਯੂੰ ੲ. ਜਹਾਂਗੀਰ ਸ. ਔਰੰਗਜੇਬ

10) ਫਰਾਂਸ ਦੇ ਇਤਿਹਾਸ ਵਿੱਚ 1739 ਈ. ਤੋਂ 1794 ਈ. ਤੱਕ ਦੇ ਦੌਰ ਨੂੰ ਕਿਸ ਨਾਮ ਨਾਲ ਜਾਣਿਆ ਜਾਂਦਾ ਹੈ ?

ੳ. ਆਤੰਕ ਦਾ ਦੌਰ ਅ. ਖੁਸਹਾਲੀ ਦਾ ਦੌਰ ੲ. ਵਿੱਤੀ ਸੰਕਟ ਸ. ਇਹ ਸਾਰੇ

11) ਅੱਜਕਲ ਦੁਨੀਆ ਵਿੱਚ ਇਹ ਸ਼ਾਸਨ ਪ੍ਰਣਾਲੀ ਅਪਣਾਈ ਜਾ ਰਹੀ ਹੈ ।

ੳ. ਰਾਜਤੰਤਰ ਅ. ਕੁਲੀਨਤੰਤਰ ੲ. ਲੋਕਤੰਤਰ [illegible]

12) ਡੈਮੋਕ੍ਰੇਸੀ ਇਸ ਭਾਸ਼ਾ ਦੇ ਸ਼ਬਦ ਜੋੜ ਤੋਂ ਬਣਿਆ ਹੈ ?

ੳ. ਅਰਬੀ ਅ. ਫਾਰਸੀ ੲ. ਲਾਤੀਨੀ ਸ. ਯੂਨਾਨੀ

## ਭਾਗ (ਅ)

**ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ। ਸਾਰੇ ਪ੍ਰਸ਼ਨ ਜਰੂਰੀ ਹਨ। ਹਰੇਕ ਦਾ ਇੱਕ ਅੰਕ ਹੈ।** (12x1=12)

1) ਖੇਰਤਫਲ ਦੇ ਪੱਖੋ ਸ਼ੰਸਾਰ ਦਾ ਤੀਸਰੇ ਸ਼ਥਾਨ ਦਾ ਦੇਸ਼ ਕਿਹੜਾ ਹੈ ?

2) ਪੈਪਸੂ ਦਾ ਪੂਰਾ ਨਾਮ ਕੀ ਹੈ ?

3) ਭਾਰਤ ਦੇ ਉੱਤਰੀ ਮੈਦਾਨ ਦੀ ਮੋਟੇ ਤੌਰ ਤੇ ਲੰਬਾਈ ਚੌੜਾਈ ਕਿੰਨੀ ਹੈ ?

4) ਪੰਜਾਬ ਵਿੱਚ ਰੇਤਲੇ ਟਿੱਬੇ ਕਿਹੜੇ ਪਾਸੇ ਹਨ ?

5) ਮਾਂ ਦੁਆਰਾ ਬੱਚੇ ਨੂੰ ਪੜਾਓਣ ਦੀ ਕ੍ਰਿਆ ਕਿਰਤ ਹੈ ਜਾਂ ਨਹੀਂ ?

6) ਯੂਨਾਨੀਆ ਨੇ ਪੰਜਾਬ ਦਾ ਕੀ ਨਾਮ ਰੱਖਿਆ ਸੀ ?

7) ਮੁਸਲਿਮ ਧਰਮ ਦੇ ਦੋ ਮੁੱਖ ਸੰਪਰਦਾਇ ਕਿਹੜੇ-ਕਿਹੜੇ ਹਨ ?

8) ਅੰਮ੍ਰਿਤਸਰ ਦਾ ਪੁਰਾਣਾ ਨਾਮ ਕੀ ਸੀ ?

9) ਸ਼੍ਰੀ ਹਰਿਮੰਦਰ ਸਾਹਿਬ ਦੇ ਪਹਿਲੇ ਗ੍ਰੰਥੀ ਕੌਣ ਸਨ ?

10) ਕਿਹੜੇ ਵਰਗਾਂ ਨੂੰ ਟੈਕਸ ਤੋਂ ਛੋਟ ਸੀ ?

11) ਸੰਯੁਕਤ ਰਾਸ਼ਟਰ ਸੰਘ ਦੇ ਕਿੰਨੇ ਦੇਸ਼ ਮੈਂਬਰ ਹਨ ?

12) ਲੋਕਤੰਤਰ ਦੇ ਦੋ ਰੂਪ ਕਿਹੜੇ ਹਨ ?

## ਭਾਗ (ੲ)

**ਛੋਟੇ ਉੱਤਰਾਂ ਵਾਲੇ ਪ੍ਰਸ਼ਨ। ਸਾਰੇ ਪ੍ਰਸ਼ਨ ਜਰੂਰੀ ਹਨ। ਹਰੇਕ ਦੇ ਤਿੰਨ ਅੰਕ ਹਨ।** (8x3=24)

1) ਭਾਰਤ ਦੀ ਮਧਿਆਨ ਰੇਖਾ ਤੇ ਇੱਕ ਨੋਟ ਲਿਖੋ ।

2) ਵਰਤਮਾਨ ਪੰਜਾਬ ਦੀ ਭੂਗੋਲਿਕ ਸਥਿਤੀ ਅਤੇ ਆਂਢ-ਗੁਆਂਢ ਬਾਰੇ ਲਿਖੋ।

3) ਪੰਜਾਬ ਦੇ ਜਲੋਢੀ ਮੈਦਾਨਾਂ ਦੀ ਉੱਤਪਤੀ ਬਾਰੇ ਨੋਟ ਲਿਖੋ ।

4) ਪਿੰਡਾਂ ਵਿੱਚ ਸਿੰਚਾਈ ਦੇ ਮੁੱਖ ਸਾਧਨ ਕਿਹੜੇ ਹਨ ?

5) ਗੈਰ ਆਰਥਿਕ ਕਿਰਿਆਵਾਂ ਕਿਹੜੀਆਂ-ਕਿਹੜੀਆਂ ਹਨ ?

6) ਪੰਜਾਬ ਨੂੰ ਭਾਰਤ ਦਾ ਪ੍ਰਵੇਸ਼ ਦੁਆਰ ਕਿਓ ਕਿਹਾ ਜਾਂਦਾ ਹੈ ?

7) 16ਵੀਂ ਸਦੀ ਵਿੱਚ ਔਰਤਾਂ ਦੀ ਸਥਿਤੀ ਬਾਰੇ ਤੁਸੀ ਕੀ ਜਾਣਦੇ ਹੋ ?

8) ਮੰਜੀ ਪ੍ਰਥਾ ਤੇ ਨੋਟ ਲਿਖੋ ।

9) ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਤੱਤਕਾਲੀਨ ਕਾਰਣ ਕੀ ਸੀ ?

10) ਰਾਜਤੰਤਰ ਤੋਂ ਤੁਸੀ ਕੀ ਸਮਝਦੇ ਹੋ ?

11) ਚੋਲ ਵੰਸ਼ ਦੇ ਰਾਜਿਆਂ ਦੇ ਸ਼ਥਾਨਕ ਪੱਧਰ ਤੇ ਲੋਕਤੰਤਰ ਤੇ ਇੱਕ ਨੋਟ ਲਿਖੋ ।

12) ਗਰੀਬੀ ਲੋਕਤੰਤਰ ਦੇ ਰਾਹ ਵਿੱਚ ਰੁਕਾਵਟ ਕਿਵੇਂ ਬਣਦੀ ਹੈ ?

## ਭਾਗ (ਸ)

**ਵੱਡੇ ਉੱਤਰਾਂ ਵਾਲੇ ਪ੍ਰਸ਼ਨ (ਕੋਈ ਚਾਰ ਪ੍ਰਸ਼ਨ ਕਰੋ। ਹਰੇਕ ਦੇ ਚਾਰ ਅੰਕ ਹਨ )** **(4x4=16)**

1) ਭਾਰਤ ਦੇ ਕੋਈ 10 ਰਾਜ , 5 ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਨਾਮ ਅਤੇ ਉਹਨਾਂ ਦੀਆਂ ਰਾਜਧਾਨੀਆਂ ਦੇ ਨਾਮ ਲਿਖੋ ।

2) ਹਿਮਾਲਿਆ ਪਰਬਤ ਅਤੇ ਦੱਖਣ ਦੇ ਪਠਾਰ ਦੇ ਲਾਭਾਂ ਦੀ ਤੁਲਣਾ ਕਰੋ ।

3) ਕਿਰਤ ਦੀਆਂ ਮੁੱਖ ਵਿਸ਼ੇਸਤਾਵਾਂ ਕਿਹੜੀਆਂ-ਕਿਹੜੀਆ ਹਨ ?

4) ਵਿਦੇਸ਼ੀ ਹਮਲਿਆ ਦਾ ਪੰਜਾਬ ਦੇ ਲੋਕਾਂ ਤੇ ਕੀ ਪ੍ਰਭਾਵ ਪਿਆ ?

5) ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਸਮਾਜਿਕ ਅਤੇ ਰਾਜਨੀਤਿਕ ਅਵਸਥਾ ਦਾ ਵਰਨਣ ਕਰੋ ।

6) ਸ਼੍ਰੀ ਗੁਰੂ ਅਮਰਦਾਸ ਜੀ ਨੇ ਸਿੱਖ ਧਰਮ ਦੇ ਵਿਕਾਸ ਵਿੱਚ ਕੀ ਯੋਗਦਾਨ ਪਾਇਆ ।

7) ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਕੀ ਕਾਰਣ ਸਨ ? ਵਰਣਨ ਕਰੋ ।

8) ਅੰਤਰਰਾਸ਼ਟਰੀ ਮੁਦਰਾ ਕੋਸ਼ ਤੇ ਨੋਟ ਲਿਖੋ ।

## ਭਾਗ (ਹ)

**ਸਰੋਤ ਅਧਾਰਿਤ ਪ੍ਰਸ਼ਨ** **(4x2=8)**

ਡੱਲੇਵਾਲੀਆ ਮਿਸਲ ਦਾ ਨੇਤਾ ਤਾਰਾ ਸਿੰਘ ਘੇਬਾ ਸੀ। ਜਦ ਤੱਕ ਉਹ ਜਿਉਂਦਾ ਰਿਹਾ ਮਹਾਰਾਜਾ ਰਣਜੀਤ ਸਿੰਘ ਨੇ ਉਸ ਤੇ ਕਬਜਾ ਕਰਨ ਦਾ ਕੋਈ ਯਤਨ ਨਾ ਕੀਤਾ। 1807 ਈ. ਵਿੱਚ ਤਾਰਾ ਸਿੰਘ ਘੇਬਾ ਦੀ ਮੌਤ ਹੋ ਗਈ। ਉਸਦੀ ਮੌਤ ਦੀ ਖਬਰ ਸੁਣਦੇ ਹੀ ਮਹਾਰਾਜਾ ਰਣਜੀਤ ਸਿੰਘ ਨੇ ਰਾਹੋਂ ਉੱਤੇ ਹਮਲਾ ਕਰ ਦਿੱਤਾ । ਤਾਰਾ ਸਿੰਘ ਘੇਬਾ ਦੀ ਵਿਧਵਾ ਨੇ ਮਹਾਰਾਜਾ ਰਣਜੀਤ ਸਿੰਘ ਦਾ ਮੁਕਾਬਲਾ ਕੀਤਾ ਪਰ ਹਾਰ ਗਈ । ਮਹਾਰਾਜਾ ਰਣਜੀਤ ਸਿੰਘ ਨੇ ਉਸ ਮਿਸਲ ਦੇ ਇਲਾਕਿਆ ਨੂੰ ਆਪਣੇ ਰਾਜ ਵਿੱਚ ਮਿਲਾ ਲਿਆ ।

ਪ੍ਰਸ਼ਨ 1) ਡੱਲੇਵਾਲੀਆ ਮਿਸਲ ਦਾ ਨੇਤਾ ਕੌਣ ਸੀ ।

ਪ੍ਰਸ਼ਨ 2) ਡੱਲੇਵਾਲੀਆ ਮਿਸਲ ਦੇ ਨੇਤਾ ਦੀ ਮੌਤ ਕਦੋਂ ਹੋਈ ?

ਪ੍ਰਸ਼ਨ 3) ਤਾਰਾ ਸਿੰਘ ਘੇਬਾ ਦੀ ਮੌਤ ਦੀ ਖਬਰ ਸੁਣਦਿਆਂ ਮਹਾਰਾਜਾ ਰਣਜੀਤ ਸਿੰਘ ਨੇ [redacted] ਉਪਰ ਹਮਲਾ ਕਰ ਦਿੱਤਾ ?

ਪ੍ਰਸ਼ਨ 4) ਮਹਾਰਾਜਾ ਰਣਜੀਤ ਸਿੰਘ ਦਾ ਮੁਕਾਬਲਾ ਕਿਸ ਨੇ ਕੀਤਾ ?

## ਭਾਗ (ਕ)

**ਨਕਸ਼ਾ ਅਧਾਰਿਤ ਪ੍ਰਸ਼ਨ** **(4x2=8)**

I. ਭਾਰਤ ਦੇ ਨਕਸ਼ੇ ਵਿੱਚ ਅੰਤਰਰਾਸ਼ਟਰੀ ਸਰਹੱਦ ਨਾਲ ਲੱਗਦੇ ਸੂਬੇ ਦਰਸਾਓ।

II. ਪੁਰਾਤਣ ਪੰਜਾਬ ਦੇ ਨਕਸ਼ੇ ਵਿੱਚ (ਸਿੰਧ,ਜੇਹਲਮ,ਚਨਾਬ,ਰਾਵੀ,ਬਿਆਸ,ਸਤਲੁਜ) ਕੋਈ ਚਾਰ ਨਦੀਆਂ ਦਰਸਾਓ।